# ਬਗੀਚੇ
## ਵਿੱਚ Psa-V ਜੀਵ-ਸੁਰੱਖਿਆ
# ਗਾਈਡ

Psa-V ਨੂੰ ਫੈਲਣ ਅਤੇ ਅਸਰ ਕਰਨ ਤੋਂ ਰੋਕਣ ਵਿੱਚ ਮਦਦ ਕਰੋ —ਬਗੀਚਿਆਂ 'ਤੇ ਅਤੇ ਉਹਨਾਂ ਵਿਚਕਾਰ ਲੋਕਾਂ ਅਤੇ ਵਾਹਨਾਂ ਦੀ ਆਵਾਜਾਈ ਨੂੰ ਘਟਾਓ।

**www.kvh.org.nz**

KVH
KIWIFRUITVINEHEALTH

Psa-V ਕੀਵੀਫਰੂਟ ਵੇਲ ਦੀ ਇੱਕ ਤਬਾਹੀ ਲਿਆਉਣ ਵਾਲੀ ਬਿਮਾਰੀ ਹੈ ਅਤੇ ਸਾਡੀ ਰੋਜ਼ੀ-ਰੋਟੀ ਲਈ ਖ਼ਤਰਾ ਹੈ। ਸਾਨੂੰ ਸਾਰਿਆਂ ਨੂੰ ਭਵਿੱਖ ਵਾਸਤੇ ਆਪਣੇ ਉਦਯੋਗ ਦੀ ਰੱਖਿਆ ਕਰਨ ਲਈ ਕੰਮ ਕਰਨ ਦੀ ਲੋੜ ਹੈ।



Psa-V ਨਾਲ ਤਬਾਹ ਹੋਏ ਬਗੀਚੇ ਨੂੰ ਵੱਖਰਾ ਕਰ ਦਿਓ




ਕੀਵੀਫਰੂਟ ਦੇ ਬਗੀਚਿਆਂ ਤਕ ਬਿਨਾਂ ਅਧਿਕਾਰ ਦੇ ਕੋਈ ਪਹੁੰਚ ਨਹੀਂ




ਵਾਹਨਾਂ ਨੂੰ ਕੀਵੀਫਰੂਟ ਦੀਆਂ ਵੇਲਾਂ ਤੋਂ ਦੂਰ ਨਿਰਧਾਰਿਤ ਖੇਤਰ ਵਿੱਚ ਪਾਰਕ ਕਰੋ



ਸਾਰੇ ਸਮਿਆਂ 'ਤੇ ਬਗੀਚੇ ਵਿੱਚ ਸਾਫ-ਸਫਾਈ ਦੇ ਨਿਯਮਾਂ ਦੀ ਪਾਲਣਾ ਕਰੋ




ਬਗੀਚੇ ਵਿੱਚ ਵੜਨ ਅਤੇ ਬਾਹਰ ਨਿਕਲਣ ਤੋਂ ਪਹਿਲਾਂ ਜੁੱਤੇ ਅਤੇ ਹੱਥ ਸਾਫ ਕਰੋ



ਜੇ ਸੰਭਵ ਹੋਵੇ ਬਗੀਚੇ ਵਿੱਚ ਮੁਹੱਈਆ ਕੀਤੇ ਸੰਦ ਅਤੇ ਉਪਕਰਣ ਦੀ ਵਰਤੋਂ ਕਰੋ



ਤੁਸੀਂ ਪੌਦਿਆਂ ਦੀ ਸਮੱਗਰੀ ਅਤੇ ਮਿੱਟੀ ਨੂੰ ਹਟਾਉਣ ਵਾਸਤੇ ਬਗੀਚੇ ਵਿੱਚ ਜੋ ਸੰਦ ਅਤੇ ਉਪਕਰਣ ਲਿਆਉਂਦੇ ਹੋ ਉਹਨਾਂ ਨੂੰ ਸਾਫ ਕਰੋ



ਜੇ ਸੰਭਵ ਹੋਵੇ ਤਾਂ ਸੰਦਾਂ ਦੇ ਦੋ ਸੈਟਾਂ ਦੀ ਵਰਤੋਂ ਕਰੋ ਅਤੇ ਵੇਲਾਂ ਦੇ ਵਿਚਕਾਰ ਵਾਰੋ-ਵਾਰੀ ਹਰੇਕ ਸੰਦ ਨੂੰ ਕੀਟਾਣੂ-ਮੁਕਤ ਕਰੋ



ਜੇ ਬਗੀਚੇ ਦੇ ਸੰਦਾਂ ਦਾ ਇੱਕ ਸੈਟ ਵਰਤ ਰਹੇ ਹੋ, ਤਾਂ ਵੇਲਾਂ ਦੇ ਵਿਚਕਾਰ ਚੰਗੀ ਤਰ੍ਹਾਂ ਧੋਵੋ



ਯਕੀਨੀ ਬਣਾਓ ਕਿ ਫਲ ਪਾਉਣ ਵਾਲੇ ਡੱਬਿਆਂ ਅਤੇ ਬੈਗਾਂ ਵਿੱਚ ਪੌਦਿਆਂ ਦੀ ਕੋਈ ਸਮੱਗਰੀ ਨਾ ਹੋਵੇ



ਬਗੀਚੇ ਤੋਂ ਜਾਣ ਤੋਂ ਪਹਿਲਾਂ ਸਾਰੇ ਕੱਪੜਿਆਂ, ਸਿਰ ਦੇ ਕੱਪੜੇ ਅਤੇ ਜੁੱਤੀਆਂ ਤੋਂ ਪੌਦਿਆਂ ਦੀ ਸਮੱਗਰੀ ਅਤੇ ਮਿੱਟੀ ਸਾਫ ਕਰ ਦਿਓ




ਵਰਤ ਕੇ ਸੁੱਟ ਦਿੱਤੇ ਜਾਣ ਵਾਲੇ ਸਾਰੇ ਕੱਪੜੇ ਬਗੀਚੇ ਵਿੱਚ ਛੱਡ ਦਿਓ



ਬਗੀਚੇ ਤੋਂ ਬਾਹਰ ਜਾਣ ਤੋਂ ਪਹਿਲਾਂ ਬਗੀਚੇ ਦੇ ਸਾਰੇ ਉਪਕਰਣ ਨੂੰ ਕੀਟਾਣੂ-ਮੁਕਤ ਕਰੋ



ਕਿਸੇ ਵੀ ਕਾਰਨ ਕਰਕੇ ਬਗੀਚੇ ਤੋਂ ਜਾਣ ਅਤੇ ਵਾਪਸ ਆਉਣ 'ਤੇ ਸਾਫ-ਸਫਾਈ ਦੀਆਂ ਪ੍ਰਕਿਰਿਆਵਾਂ ਨੂੰ ਦੁਹਰਾਓ

## ਮਸ਼ੀਨਰੀ ਅਤੇ ਉਪਕਰਣ ਨੂੰ ਲਿਆਉਣਾ-ਲਿਜਾਉਣਾ



ਬਗੀਚੇ ਵਿੱਚ ਦਾਖਲ ਹੋਣ ਤੋਂ ਪਹਿਲਾਂ ਯਕੀਨੀ ਬਣਾਓ ਕਿ ਸਾਰੇ ਡੱਬੇ ਅਤੇ ਉਪਕਰਣ ਪੌਦਿਆਂ ਦੀ ਸਮੱਗਰੀ ਤੋਂ ਮੁਕਤ ਹੋਣ



ਬਗੀਚੇ ਵਿੱਚ ਦਾਖਲ ਹੋਣ ਅਤੇ ਇਸ ਤੋਂ ਬਾਹਰ ਨਿਕਲਣ ਤੋਂ ਪਹਿਲਾਂ ਮਸ਼ੀਨਰੀ ਅਤੇ ਉਪਕਰਣ ਨੂੰ ਧੋਣ ਵਾਲੇ ਖੇਤਰ ਵਿੱਚ ਸਾਫ ਕਰੋ



ਕੀਵੀਫਰੂਟ ਦੇ ਨੰਗੇ ਲੋਡ ਨੂੰ ਢੱਕ ਦਿਓ



ਪੌਦਿਆਂ ਦੀ ਸਮੱਗਰੀ ਨੂੰ ਬਗੀਚੇ ਤੋਂ ਬਾਹਰ ਜਾਣ ਤੋਂ ਰੋਕੋ

ਮਸ਼ੀਨਰੀ ਅਤੇ ਉਪਕਰਣ ਨੂੰ ਲਿਆਉਣਾ-ਲਿਜਾਉਣਾ

Psa-V ਤਿੰਨ ਮਹੀਨਿਆਂ ਤਕ ਪੌਦਿਆਂ ਦੀ ਸਮੱਗਰੀ ਅਤੇ ਮਿੱਟੀ 'ਤੇ ਜਿਉਂਦੀ ਰਹਿ ਸਕਦੀ ਹੈ ਅਤੇ ਆਸਾਨੀ ਨਾਲ ਇੱਕ ਬਗੀਚੇ ਤੋਂ ਦੂਜੇ ਬਗੀਚੇ ਵਿੱਚ ਪਹੁੰਚ ਸਕਦੀ ਹੈ।

ਬਿਮਾਰੀ ਦੇ ਫੈਲਣ ਤੋਂ ਬਚਣ ਲਈ, ਹਰ ਕਿਸੇ ਨੂੰ ਬਗੀਚੇ ਦੀਆਂ ਸਾਫ-ਸਫਾਈ ਦੀਆਂ ਪ੍ਰਕਿਰਿਆਵਾਂ ਦੀ ਪਾਲਣਾ ਜ਼ਰੂਰ ਕਰਨੀ ਚਾਹੀਦੀ ਹੈ।

**ਕਿਰਪਾ ਕਰਕੇ ਬਗੀਚੇ ਦੀਆਂ ਸਾਫ-ਸਫਾਈ ਦੀਆਂ ਪ੍ਰਕਿਰਿਆਵਾਂ ਨੂੰ ਬਹੁਤ ਗੰਭੀਰਤਾ ਨਾਲ ਲਵੋ।**

ਬਗੀਚੇ ਦੀ ਸਾਫ-ਸਫਾਈ ਅਤੇ ਉਦਯੋਗ ਦੇ ਨਿਯਮਾਂ ਬਾਰੇ ਹੋਰ ਜਾਣਕਾਰੀ ਵਾਸਤੇ KVH ਦੀ ਵੈਬਸਾਈਟ 'ਤੇ ਜਾਓ:

- www.kvh.org.nz/hygiene
- www.kvh.org.nz/kvh_protocols

**ਨਿਊਜ਼ੀਲੈਂਡ ਕੀਵੀਫਰੂਟ ਕੌਨਟ੍ਰੈਕਟਰਸ ਇਨਕਾਰਪੋਰੇਟਿਡ**
**ਈਮੇਲ:** nzkci@hotmail.co.nz
PO Box 785, Te Puke 3153

**www.kvh.org.nz**

**ਕੀਵੀਫਰੂਟ ਵਾਈਨ ਹੈਲਥ ਇਨਕਾਰਪੋਰੇਟਿਡ :: ਫੋਨ 0800 665 825 :: ਈਮੇਲ info@kvh.org.nz**